**ਪੰਜਾਬ ਸਹਿਰੀ ਯੋਜਨਾਬੰਦੀ ਅਤ ਵਿਕਾਸ ਅਥਾਰਿਟੀ**
**ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਮੋਹਾਲੀ**

ਵੱਲ

ਮੁੱਖ ਪ੍ਰਸਾਸਕ,
ਗਮਾਡਾ, ਮੋਹਾਲੀ/ਗਲਾਡਾ, ਲੁਧਿਆਣਾ/ ਜੇ.ਡੀ.ਏ., ਜਲੰਧਰ/ਏ.ਡੀ.ਏ., ਅੰਮ੍ਰਿਤਸਰ/ ਬੀ.ਡੀ.ਏ., ਬਠਿੰਡਾ।

ਨੰ: ਪੁੱਡਾ-ਪਾਲਸੀ-ਏ-2-2009/11008-15
ਮਿਤੀ:-18.6.2009

**ਵਿਸਾ:- ਸਿੱਖ ਦੰਗਾਂ ਪੀੜਤਾਂ ਨੂੰ ਮਕਾਨਾਂ/ਬੂਥਾਂ ਦੀ ਅਲਾਟਮੈਂਟ ਵਿੱਚ ਰਿਜਰਵੇਸ਼ਨ ਦੇਣ ਸਬੰਧੀ।**

ਉਕਤ ਵਿਸੇ ਤੇ ਇਸ ਦਫਤਰ ਦੇ ਪੱਤਰ ਨੰ: 2136-49 ਮਿਤੀ 11-8-2006 ਰਾਹੀਂ ਸਿੱਖ ਦੰਗਾਂ ਪੀੜਤਾਂ ਨੂੰ ਪਲਾਨਾਂ/ਮਕਾਨਾਂ ਦੀ ਅਲਾਟਮੈਂਟ ਵਿੱਚ ਮਿਤੀ 31.12.2011 ਤੱਕ 5% ਰਿਜਰਵੇਸ਼ਨ ਦਿੱਤੀ ਗਈ ਸੀ।

ਪੰਜਾਬ ਸਰਕਾਰ, ਮਾਲ ਤੇ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਵਲੋਂ ਮੀਮੋ ਨੰ: 8754 ਮਿਤੀ 3.11.2008 ਰਾਹੀਂ ਉਕਤ ਕੈਟਾਗਰੀ ਨੂੰ ਦਿੱਤੀ ਗਈ ਰਿਜਰਵੇਸ਼ਨ ਵਿੱਚ ਸੋਧ ਕਰਦੇ ਹੋਏ ਫੈਸਲਾ ਕੀਤਾ ਗਿਆ ਹੈ ਕਿ "ਦੰਗਾਂ ਪੀੜਤਾਂ ਲਈ ਪੁੱਡਾ ਵਲੋਂ ਐਮ.ਆਈ.ਜੀ./ਐਲ.ਆਈ.ਜੀ. ਮਕਾਨਾਂ ਅਤੇ ਬੂਥਾਂ ਦੀ ਨਵੀਂ ਉਸਾਰੀ ਸਬੰਧੀ ਫੈਸਲਾ ਲੰਬਿਤ ਰੱਖਿਆ ਜਾਵੇ। ਪਹਿਲਾਂ ਉਸਾਰੇ ਗਏ ਐਮ.ਆਈ.ਜੀ./ਐਲ.ਆਈ.ਜੀ./ਮਕਾਨ/ਬੂਥ ਸਬੰਧਤ ਡਿਪਟੀ ਕਮਿਸ਼ਨਰਾਂ ਦੀ ਸਿਫਾਰਸ ਨਾਲ ਪੁੱਡਾ ਵਲੋਂ ਯੋਗ ਦੰਗਾਂ ਪੀੜਤਾਂ ਨੂੰ ਅਲਾਟ ਕੀਤੇ ਜਾਣ ਪੁੱਡਾ ਦੇ ਅਜਿਹੇ ਮਕਾਨਾਂ /ਬੂਥਾਂ ਤੇ ਯੋਗ ਦੰਗਾਂ ਪੀੜਤਾਂ ਦੇ ਅਣ-ਅਧਿਕਾਰਤ ਕਬਜੇ ਨੂੰ ਨਿਯਮਤ ਕੀਤਾ ਜਾਵੇ"।

ਸਰਕਾਰ ਵਲੋਂ ਉਕਤ ਕੀਤੀ ਗਈ ਸੋਧ ਸਬੰਧੀ ਮਾਮਲਾ ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਦੀ ਮਿਤੀ 3.6.2009 ਨੂੰ ਹੋਈ 57ਵੀਂ ਮੀਟਿੰਗ ਦੀ ਮੱਦ ਨੰ: 57.05 ਰਾਹੀਂ ਪੇਸ਼ ਕੀਤਾ ਗਿਆ, ਜਿਸ ਵਿੱਚ ਵਿੱਤ ਤੇ ਲੇਖਾ ਕਮੇਟੀ ਨੇ ਸਰਕਾਰ ਵਲੋਂ ਪੱਤਰ ਨੰ: 8754 ਮਿਤੀ 3.11.2008 ਰਾਹੀਂ ਕੀਤੇ ਗਏ ਫੈਸਲੇ ਨੂੰ ਪ੍ਰਵਾਨ ਕਰ ਲਿਆ ਗਿਆ ਹੈ।

ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤ ਤੇ ਲੇਖਾ ਕਮੇਟੀ ਵਲੋਂ ਕੀਤੇ ਗਏ ਫੈਸਲੇ ਅਨੁਸਾਰ ਯੋਗ ਦੰਗਾਂ ਪੀੜਤਾਂ ਨੂੰ ਸਰਕਾਰ ਵਲੋਂ ਜਾਰੀ ਕੀਤੇ ਗਏ ਪੱਤਰ ਨੰ: 8754 ਮਿਤੀ 3.11.2008 ਅਨੁਸਾਰ ਕਾਰਵਾਈ ਕੀਤੀ ਜਾਵੇ।

-ਸਹੀ-
**ਵਧੀਕ ਮੁੱਖ ਪ੍ਰਸਾਸਕ(ਪੀ.ਐਡ.ਸੀ.)**
**ਵਾ: ਮੁੱਖ ਪ੍ਰਸ਼ਾਸਕ।**

ਪਿੱਠ ਅੰਕਣ ਨੰ: ਪੁੱਡਾ-ਪਾਲਸੀ-ਏ-2-2009/
ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:
1. ਵਧੀਕ ਮੁੱਖ ਪ੍ਰਸ਼ਾਸਕ, ਪੁੱਡਾ, ਪਟਿਆਲਾ।
2. ਮੁੱਖ ਲੇਖਾ ਅਫਸਰ, ਪੁੱਡਾ, ਮੋਹਾਲੀ।
3. ਪ੍ਰਬੰਧਕ ਅਫਸਰ(ਪ੍ਰੋਜੈਕਟਸ), ਪੁੱਡਾ, ਮੋਹਾਲੀ।

-ਸਹੀ-
**ਵਧੀਕ ਮੁੱਖ ਪ੍ਰਸਾਸਕ(ਪੀ.ਐਡ.ਸੀ.)**
**ਵਾ: ਮੁੱਖ ਪ੍ਰਸ਼ਾਸਕ।**